# ਵਰਗੀਕਰਨ ਕਰਨਾ

## ਚੋਣ ਬੋਰਡ

ਆਪਣੇ ਬੱਚੇ ਨੂੰ ਹੇਠਾਂ ਦਿਖਾਈਆਂ ਗਈਆਂ ਗਤੀਵਿਧੀਆਂ ਵਿੱਚੋਂ ਇੱਕ ਜਾਂ ਵੱਧ ਦੀ ਚੋਣ ਕਰਨ ਲਈ ਆਖੋ। ਚੋਣ ਕਰਨਾ ਅਤੇ ਉਸਦਾ ਅਨੁਸਰਨ ਕਰਨਾ, ਬੌਧਿਕ ਅਤੇ ਸਮਾਜਿਕ ਮਾਨਸਿਕ ਵਿਕਾਸ ਲਈ ਮਹੱਤਵਪੂਰਣ ਕੁਸ਼ਲਤਾਵਾਂ ਹਨ।

### ਪੁੱਛਣ ਲਈ ਸਵਾਲ:

- ਤੁਸੀਂ ਚੀਜ਼ਾਂ ਨੂੰ ਇਸ ਤਰੀਕੇ ਨਾਲ ਕਿਉਂ ਛਾਂਟਿਆ?
- ਇਹਨਾਂ ਚੀਜ਼ਾਂ ਵਿੱਚ ਸਮਾਨ ਕੀ ਹੈ? ਉਹ ਵੱਖਰੀਆਂ ਕਿਵੇਂ ਹਨ?
- ਕੀ ਕੋਈ ਦੂਜਾ ਤਰੀਕਾ ਹੈ, ਜਿਸ ਨਾਲ ਤੁਸੀਂ ਇਹਨਾਂ ਚੀਜ਼ਾਂ ਨੂੰ ਛਾਂਟ ਸਕਦੇ ਹੋ? ਕੀ ਤੁਸੀਂ ਮੈਨੂੰ ਦਿਖਾ ਸਕਦੇ ਹੋ?

| | | |
|---|---|---|
| ਇਸਨੂੰ ਛਾਂਟੋ: ਖਾਣ ਵਾਲੇ ਬਰਤਨਾਂ ਦਾ ਢੇਰ ਲਗਾਓ; ਆਪਣੇ ਬੱਚੇ ਨੂੰ ਆਖੋ ਕਿ ਉਸ ਵਿੱਚ ਇੱਕੋ ਜਿਹੀਆਂ ਵਸਤਾਂ ਪਾਵੇ; ਸਾਰੇ ਚਮਚੇ, ਕਾਂਟੇ ਆਦਿ ਇਕੱਠੇ ਰੱਖੇ। | ਮੋੜੋ ਅਤੇ ਢੇਰ ਲਗਾਓ: ਧੋਣ ਵਾਲੇ ਕੱਪੜਿਆਂ ਦੀ ਤਹਿ ਲਗਾਉਂਦੇ ਸਮੇਂ, ਆਪਣੇ ਬੱਚੇ ਨੂੰ ਆਖੋ ਕਿ ਉਹ ਕੱਪੜੇ ਦੀਆਂ ਇੱਕੋ ਜਿਹੀਆਂ ਵਸਤਾਂ ਦਾ ਢੇਰ ਲਗਾਵੇ ...ਜੁਰਾਬਾਂ ਇਕੱਠੀਆਂ, ਕਮੀਜਾਂ ਇਕੱਠੀਆਂ, ਪੈਂਟਾਂ ਇਕੱਠੀਆਂ। | ਇਕੱਤਰ ਕਰੋ ਅਤੇ ਛਾਂਟੋ: ਬਾਹਰ ਪਏ ਪੱਤਿਆਂ, ਪੱਥਰਾਂ ਜਾਂ ਸੋਟੀਆਂ ਨੂੰ ਇਕੱਤਰ ਕਰੋ। ਆਪਣੇ ਬੱਚੇ ਨੂੰ ਇੱਕੋ ਜਿਹੀਆਂ ਵਿਸ਼ੇਸ਼ਤਾਵਾਂ ਵਾਲੀਆਂ ਚੀਜ਼ਾਂ ਦੇ ਢੇਰਾਂ ਵਿੱਚ ਛਾਂਟਣ ਲਈ ਆਖੋ, ਉਦਾਹਰਨ ਲਈ ਉਹ ਚੀਜ਼ਾਂ, ਜੋ ਰੁੱਖਾਂ ਤੇ ਉੱਗਦੀਆਂ ਹਨ, ਉਹ ਚੀਜ਼ਾਂ ਜਿਹਨਾਂ ਦੀਆਂ ਫੁੱਲ ਪੱਤੀਆਂ ਹਨ, ਉਹ ਚੀਜ਼ਾਂ, ਜੋ ਹਰੀਆਂ ਹਨ।<br><br>ਜਦੋਂ ਉਹ ਉਹਨਾਂ ਨੂੰ ਛਾਂਟ ਲੈਣ, ਤਾਂ ਉਹਨਾਂ ਨੂੰ ਵੱਖਰੇ ਤਰੀਕੇ ਨਾਲ ਦੁਬਾਰਾ ਛਾਂਟਣ ਦੀ ਕੋਸ਼ਿਸ਼ ਕਰਨ ਲਈ ਆਖੋ। |
| ਛਾਂਟੋ ਅਤੇ ਤਰਤੀਬ ਨਾਲ ਰੱਖੋ: ਆਪਣੇ ਬੱਚੇ ਨੂੰ ਆਖੋ ਕਿ ਉਹ ਰਾਸ਼ਨ ਦੀਆਂ ਚੀਜ਼ਾਂ ਨੂੰ ਤਰਤੀਬ ਨਾਲ ਛਾਂਟਣ ਵਿੱਚ ਮਦਦ ਕਰੇ, ਜਿੱਥੇ ਉਹਨਾਂ ਨੂੰ ਰੱਖਣਾ ਚਾਹੀਦਾ ਹੈ (ਫ੍ਰਿਜ, ਪੈਂਟਰੀ ਜਾਂ ਫ੍ਰੀਜ਼ਰ)। ਉਹਨਾਂ ਨੂੰ ਪੁੱਛੋ ਕਿ ਕੀ ਉਹਨਾਂ ਨੂੰ ਇੱਕੋ ਜਿਹੀਆਂ ਚੀਜ਼ਾਂ ਦਿਖਾਈ ਦੇ ਰਹੀਆਂ ਹਨ? | ਛਾਂਟੋ ਅਤੇ ਵਿਵਸਥਿਤ ਕਰੋ: ਆਪਣੇ ਬੱਚੇ ਨੂੰ ਰੰਗ ਜਾਂ ਲੰਮਾਈ ਦੇ ਮੁਤਾਬਕ, ਕ੍ਰੇਓਨਸ, ਮਾਰਕਰ, ਰੰਗੀਨ ਪੈਂਸਿਲਾਂ ਛਾਂਟਣ ਲਈ ਆਖੋ। | ਛਾਂਟੋ ਅਤੇ ਸਾਫ ਕਰੋ: ਅਗਲੀ ਵਾਰ ਤੁਹਾਡੇ ਬੱਚੇ ਨੂੰ ਖਿਡੌਣਿਆਂ ਨੂੰ ਤਰਤੀਬ ਨਾਲ ਲਗਾਉਣ ਦੀ ਲੋੜ ਹੈ, ਉਸਨੂੰ ਆਖੋ ਕਿ ਉਹ ਸਾਰੇ ਖਿਡੌਣਿਆਂ ਨੂੰਖਾਸ ਵਿਸ਼ੇਸ਼ਤਾਮੁਤਾਬਕ ਰੱਖੇ, ਜਿਵੇਂ ਰੰਗ ਜਾਂ ਅਕਾਰ, ਫਿਰ ਖਾਸ ਪ੍ਰਕਾਰ ਦੀਆਂ ਵਸਤਾਂ ਮੁਤਾਬਕ ਰੱਖੇ ਜਾਂ ਖਾਸ ਫੰਕਸ਼ਨ ਦੇ ਹਿਸਾਬ ਨਾਲ (ਜਿਵੇਂ ਉਹ ਖਿਡੌਣੇ ਜੋ ਸ਼ੋਰ ਕਰਦੇ ਹਨ, ਜਿਹਨਾਂ ਨੂੰ ਜੋੜਿਆ ਜਾ ਸਕਦਾ ਹੈ, ਢੇਰ ਲਗਾਇਆ ਜਾ ਸਕਦਾ ਹੈ ਜਾਂ ਰੋਲ ਕੀਤਾ ਜਾ ਸਕਦਾ ਹੈ)। |